## ਪੰਜਾਬ ਸਕੂਲ ਸਿੱਖਿਆ ਬੋਰਡ

### ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਫਤਰ ਵੱਲੋਂ ਸਾਲ/ਸੈਸ਼ਨ 2016-17 ਦਾ ਨੌਵੀਂ/ 10+1 ਸ਼੍ਰੇਣੀ ਦਾ ਨਤੀਜਾ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਆਨ-ਲਾਈਨ ਅਪਡੇਟ ਕਰਨ ਲਈ 3 ਅਪ੍ਰੈਲ, 2017 ਤੋਂ 28 ਅਪ੍ਰੈਲ, 2017 ਤੱਕ ਦਾ ਸਮਾਂ ਦਿੱਤਾ ਗਿਆ ਸੀ । ਦਫਤਰ ਵੱਲੋਂ ਸਕੂਲਾਂ ਨੂੰ ਆਪਣੇ ਪੱਧਰ ਤੇ ਨੌਵੀਂ/ 10+1 ਸ਼੍ਰੇਣੀ ਦਾ ਨਤੀਜਾ ਆਨ-ਲਾਈਨ ਅਪਡੇਟ ਕਰਨ ਲਈ ਮਿਤੀ 15 ਮਈ 2017 ਤੱਕ ਵਾਧਾ ਕੀਤਾ ਜਾ ਰਿਹਾ ਹੈ। ਇਹ ਵਾਧਾ ਕੇਵਲ ਉਹਨਾਂ ਸਕੂਲਾਂ ਲਈ ਕੀਤਾ ਜਾ ਰਿਹਾ ਹੈ, ਜਿਨ੍ਹਾਂ ਸਕੂਲਾਂ ਵੱਲੋਂ ਨੌਵੀਂ/ 10+1 ਸ਼੍ਰੇਣੀ ਦਾ ਨਤੀਜਾ ਅਪਡੇਟ ਅਤੇ ਫਾਈਨਲ ਸਬਮਿਸ਼ਨ ਨਹੀਂ ਕੀਤਾ ਹੈ। ਸਕੂਲਾਂ ਵੱਲੋਂ ਆਪਣੇ ਪੱਧਰ ਤੇ ਅਪਡੇਟ ਕੀਤੇ ਨਤੀਜੇ ਦੀ ਕਾਪੀ ਆਪਣੇ ਕੋਲ ਰਿਕਾਰਡ ਹਿੱਤ ਰੱਖਣ। ਬੋਰਡ ਵੱਲੋਂ ਇਹ ਨਤੀਜੇ ਦੀ ਕਾਪੀ ਲੋੜ ਪੈਣ ਤੇ ਮੰਗਵਾਈ ਜਾ ਸਕਦੀ ਹੈ।

2.5.17

ਸਕੱਤਰ